# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

## Akhand Keertani Jatha International (Regd.)

Head Office: Ranglay Sajjan Memorial Charitable Trust (Regd.), Chownk Baba Sahib, Sri Amritsar

ਹੈਡ ਆਫਿਸ: ਰੰਗਲੇ ਸੱਜਣ ਮੈਮੋਰੀਅਲ ਟ੍ਰਸਟ (ਰਜਿ.), ਚੌਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ

ਮੁੱਖ ਸੇਵਾਦਾਰ: ਜਥੇਦਾਰ ਬਖ਼ਸ਼ੀਸ ਸਿੰਘ ਜੀ


**Ref. No.:** AKJ/510/2018

May 10th, 2018
੨੭ ਵੈਸਾਖ, ੫੫੦ ਨਾਨਕਸ਼ਾਹੀ

## - ਪ੍ਰੈਸ ਨੋਟ -

ਗੁਰੂ ਪਿਆਰੇ ਖ਼ਾਲਸਾ ਜੀ ਸਤਿਗੁਰਾਂ ਦੀ ਬਖਸ਼ੀ ਹੋਈ ਫ਼ਤਹ ਪ੍ਰਵਾਨ ਕਰਨੀ,

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

ਅਜੋਕੇ ਨਾਜ਼ੁਕ ਸਮੇਂ ਵਿਚ ਜਦ ਕਿ ਸਿੱਖ ਕੌਮ ਦਰਪੇਸ਼ ਚੁਣੌਤੀਆਂ 'ਚੋਂ ਲੰਘ ਰਹੀ ਹੈ ਅਤੇ ਭਾਰਤੀ ਹਕੂਮਤ ਵਲੋਂ ਵੀ ਸਿੱਖਾਂ ਦੀ ਦਸਤਾਰ ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਗਿਆ ਹੈ, ਉੱਥੇ ਹੀ ਸਿੱਖ ਅਖਵਾਉਂਦੇ ਅਨਸਰਾਂ ਵਲੋਂ ਦਸਤਾਰ ਦੀ ਹੇਠੀ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ। ਬੀਤੇ ਦਿਨੀ ਇੰਗਲੈਂਡ ਵਿਚ ਇਕ ਸਿੱਖ ਪ੍ਰਚਾਰਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਤੇ ਜਾਨਲੇਵਾ ਹਮਲਾ ਹੋਇਆ ਅਤੇ ਉਹਨਾਂ ਦੀ ਦਸਤਾਰ ਦੀ ਵੀ ਬੇਪਤੀ ਕੀਤੀ ਗਈ। ਜਿਨ੍ਹਾਂ ਇਹ ਹਮਲਾ ਕੀਤਾ ਅਤੇ ਦਸਤਾਰ ਦੀ ਬੇਪਤੀ ਕੀਤੀ ਉਹ ਕੋਈ ਹੋਰ ਨਹੀਂ ਬਲਕਿ ਅੰਮ੍ਰਿਤਧਾਰੀ ਵਿਅਕਤੀ ਹੀ ਦੱਸੇ ਜਾਂਦੇ ਹਨ। ਜੇਕਰ ਕੋਈ ਇੰਗਲੈਂਡ ਦਾ ਗੋਰਾ ਜਾਂ ਕੋਈ ਹੋਰ ਬੰਦਾ ਨਸਲੀ ਹਮਲਾ ਕਰਦਾ ਹੈ, ਤਾਂ ਸਮਝ ਪੈਂਦਾ ਹੈ ਕਿ ਇਸਨੂੰ ਸਿੱਖਾਂ ਬਾਰੇ ਗਿਆਨ ਨਹੀਂ। ਪਰ ਕਿਸੇ ਸਿੱਖ ਵਲੋਂ ਹੀ ਦੂਸਰੇ ਸਿੱਖ ਦੀ ਦਸਤਾਰ ਦੀ ਬੇਪਤੀ ਕਰਨੀ ਉਹ ਵੀ ਗੁਰੂ ਦਰਬਾਰ ਅੰਦਰ, ਪੂਰੀ ਕੌਮ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਹੈ।

ਭਾਂਵੇ ਕਿ ਮਰਯਾਦਾ ਕਰਕੇ ਸਾਡੇ ਭਾਈ ਅਮਰੀਕ ਸਿੰਘ ਜੀ ਨਾਲ ਜਿੰਨੇ ਮਰਜ਼ੀ ਵਖਰੇਵੇਂ ਹੋਣ, ਪਰ ਇਸਤਰ੍ਹਾਂ ਗੁਰਦੁਆਰੇ ਸਾਹਿਬ ਦੀ ਹਦੂਦ ਅੰਦਰ ਉਨ੍ਹਾਂ ਤੇ ਜਾਨਲੇਵਾ ਹਮਲਾ ਕਰਨਾ ਅਤੇ ਦਸਤਾਰ ਦੀ ਬੇਪਤੀ ਕਰਨੀ ਕਿਸੇ ਵੀ ਪੱਖ ਤੋਂ ਗੁਰਮਤਿ ਅਨੁਸਾਰ ਜਾਇਜ਼ ਨਹੀਂ। ਬਲਕਿ ਗੁਰਮਤਿ ਦਾ ਪ੍ਰਹਾਰ ਕਰਨਾ ਹੀ ਹੈ। ਇਹ ਇੱਕ ਨਿੰਦਣਯੋਗ ਕਾਰਵਾਈ ਹੈ ਅਤੇ ਕਿਸੇ ਸੁਹਿਰਦ ਸਿੱਖ ਜਥੇਬੰਦੀ ਤੋਂ ਇਸਦੀ ਆਸ ਨਹੀਂ ਕੀਤੀ ਜਾ ਸਕਦੀ। ਦਸਤਾਰ ਗੁਰੂ ਸਾਹਿਬ ਜੀ ਦੀ ਹੀ ਬਖਸ਼ੀ ਹੋਈ ਦਾਤ ਹੈ ਅਤੇ ਹਰੇਕ ਸਿੱਖ ਦੇ ਸੀਸ ਤੇ ਇੱਕੋ ਜਿਹੀ ਹੀ ਮਹਾਨਤਾ ਰੱਖਦੀ ਹੈ:

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥ *(ਪੰਨਾ ੧੦੮੩)*

ਕੋਈ ਵੀ ਭੈ-ਭਾਵਨੀ ਵਾਲਾ ਸਿੱਖ ਅਤੇ ਪੰਥ ਦਰਦੀ ਇਸਦੀ ਬੇਪਤੀ ਨਹੀਂ ਕਰਦਾ। ਸਾਨੂੰ ਇਹ ਜਾਣ ਕੇ ਅਫ਼ਸੋਸ ਹੋਇਆ ਕਿ ਬੇਪਤੀ ਕਰਨ ਵਾਲੇ ਆਪਣੇ ਆਪ ਨੂੰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੈਰੋਕਾਰ ਦੱਸਦੇ ਹਨ। ਜਦ ਕਿ ਬਾਬਾ ਜਰਨੈਲ ਸਿੰਘ ਜੀ ਅਨੁਸਾਰ ਤਾਂ ਕਿਸੇ ਸਿੱਖ ਦੀ ਦਸਤਾਰ ਦੀ ਬੇਪਤੀ ਕਰਨਾ ਪਾਪ ਹੈ। ਤਾਂ ਤੇ ਸਪੱਸ਼ਟ ਹੈ ਕਿ ਪੰਥ ਵਿਰੋਧੀ ਤਾਕਤਾਂ ਸੰਸਥਾਵਾਂ ਦਾ ਨਾਂਅ ਵਰਤ ਕੇ ਸਿੱਖਾਂ ਅੰਦਰ ਭਰਾ-ਮਾਰੂ ਜੰਗ ਛੇੜ ਰਹੀਆ ਹਨ। ਮਰਯਾਦਾ ਦੇ ਮਸਲੇ ਮਿਲ ਬੈਠ ਕੇ ਵਿਚਾਰ ਕਰਕੇ ਹੀ ਹੱਲ ਹੋ ਸਕਦੇ ਹਨ, ਹੁੜਦੰਗ ਮਚਾ ਕੇ ਨਹੀਂ। ਸਾਰੇ ਪ੍ਰਚਾਰਕਾਂ ਨੂੰ ਵੀ ਚਾਹੀਦਾ ਹੈ ਕਿ ਭਵਿੱਖ ਵਿਚ ਕੋਈ ਅਜਿਹਾ ਪ੍ਰਚਾਰ ਨਾ ਕਰਨ ਜਿਸ ਕਰਕੇ ਸਿੱਖਾਂ ਵਿਚ ਆਪਸੀ ਮਾਹੌਲ ਖਰਾਬ ਹੋਵੇ। ਪਿੱਛੇ ਜਿਹੇ ਭਾਈ ਅਮਰੀਕ ਸਿੰਘ ਜੀ ਵਲੋਂ ਕੀਤੀਆਂ ਕੁੱਝ ਇੱਕ ਟੀਕਾ-ਟਿਪਣੀਆਂ ਦਾ ਵੀ ਨੋਟਿਸ ਲਿਆ ਜਾਂਦਾ ਹੈ।

ਅਖੰਡ ਕੀਰਤਨੀ ਜੱਥਾ ਜਿੱਥੇ ਇਸ ਘਟਨਾ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਾ ਹੈ ਉੱਥੇ ਹੀ ਹਰੇਕ ਗੁਰੂ ਨਾਨਕ ਨਾਮ ਲੇਵਾ ਸਿੱਖ ਨੂੰ ਬੇਨਤੀ ਕਰਦਾ ਹੈ ਕਿ ਪੰਥ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਬਣ ਚੁੱਕੇ ਸਿੱਖੀ ਸਰੂਪ ਵਿਚ ਗੁੰਡਾਗਰਦੀ ਕਰਨ ਵਾਲੇ ਅਨਸਰਾਂ ਦਾ ਪੂਰਨ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਗੁਰੂ ਸਾਹਿਬ ਕਿਰਪਾ ਕਰਨ ਸਭਨਾਂ ਨੂੰ ਨਾਮ-ਬਾਣੀ ਅਤੇ ਰਹਿਤ-ਰਹਿਣੀ ਦੀਆਂ ਬਖਸ਼ਿਸ਼ਾਂ ਕਰਨ ਅਤੇ ਭਵਿੱਖ ਵਿਚ ਇਹੋ ਜਿਹੀਆ ਘਟਨਾਵਾਂ ਨੂੰ ਠੱਲ ਪਾਉਣ ਵਿਚ ਸਹਾਈ ਹੋਵਣ।

ਖ਼ਾਲਸਾ-ਪੰਥ ਦੀ ਚੜ੍ਹਦੀ ਕਲਾ ਲੋਚਦੇ ਹੋਏ।
ਦਾਸਰੇ,
ਅਖੰਡ ਕੀਰਤਨੀ ਜੱਥੇ ਦੀਆਂ ਵਿਸ਼ਵ ਭਰ ਦੀਆਂ ਸਮੂਹ ਇਕਾਈਆਂ